PUNJAB VIDHAN SABHA

Friday, the 15th February, 2019

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ। ਕੱਲ੍ਹ ਬਹੁਤ ਹੀ ਦੁਖਦਾਈ ਘਟਨਾ ਹੋਈ ਹੈ।

ਮਾਨਯੋਗ ਸਪੀਕਰ : ਇਸ ਤੇ ਰੈਜ਼ੋਲਿਊਸ਼ਨ ਲਿਆ ਰਹੇ ਹਾਂ।

ਸਰਦਾਰ ਬਿਕਰਮ ਸਿੰਘ ਮਜੀਠੀਆ : ਮੇਰੀ ਬੇਨਤੀ ਇਹ ਹੈ ਕਿ ਇਸ ਘਟਨਾ ਵਿਚ ਜਿਹੜੇ ਸਾਡੇ 44 ਸੀ.ਆਰ.ਪੀ.ਐਫ. ਦੇ ਜਵਾਨ ਸ਼ਹੀਦ ਹੋਏ ਹਨ, ਉਸ ਨੂੰ ਸਾਰੀ ਇੰਟਰਨੈਸ਼ਨਲ ਕਮਿਊਨਿਟੀ ਨੇ ਕੰਡੈਮ ਕੀਤਾ ਹੈ, it is the worst ever attack. ਮੇਰੀ ਤੁਹਾਨੂੰ ਬੇਨਤੀ ਹੈ ਕਿ today this nation is in mourning. ਉਨ੍ਹਾਂ ਦੇ ਪਰਿਵਾਰ mourning ਵਿੱਚ ਹਨ। ਮੇਰੀ ਤੁਹਾਨੂੰ ਹੱਥ ਜੋੜ ਕੇ ਗੁਜ਼ਾਰਿਸ਼ ਹੈ ਕਿ ਇਸ ਮੁੱਦੇ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਅੱਜ ਆਪਾਂ ਹਾਊਸ ਐਡਜਰਨ ਕਰ ਦੇਈਏ ਕਿਉਂਕਿ ਇਹੋ ਜਿਹੀ ਮਾੜੀ ਘਟਨਾ ਪਿਛਲੇ 50 ਸਾਲਾਂ ਦੀ ਹਿਸਟਰੀ ਵਿੱਚ ਨਹੀਂ ਹੋਈ, 44 ਜਵਾਨਾਂ ਨੂੰ ਇਕੱਠੇ ਸ਼ਹੀਦ ਕਰਨਾ, ਅਜਿਹਾ ਕਦੇ ਨਹੀਂ ਹੋਇਆ। ਸੋ, ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਸੈਸ਼ਨ ਅੱਗੇ ਵੀ ਵਧਾ ਸਕਦੇ ਹੋ, ਅੱਜ ਦੇ ਦਿਨ the whole nation is in mourning. ਲੀਡਰ ਆਫ ਦਿ ਹਾਊਸ ਇੱਥੇ ਨਹੀਂ ਹਨ, ਸ਼੍ਰੀ ਬ੍ਰਹਮ ਮਹਿੰਦਰਾ ਜੀ, ਮੈਂ ਤੁਹਾਨੂੰ ਬੇਨਤੀ ਕਰਾਂਗਾ that we should all come together and ਅੱਜ ਉਨ੍ਹਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਦਾ ਸਮਾਂ ਹੈ। ਅੱਜ ਦੇਸ਼ ਨੂੰ ਉਨ੍ਹਾਂ ਸ਼ਹੀਦ ਹੋਏ ਜਵਾਨਾਂ ਨਾਲ solidarity ਦਿਖਾਉਣ ਦਾ ਸਮਾਂ ਹੈ। ਮੇਰੀ ਬੇਨਤੀ ਹੈ ਕਿ ਅੱਜ ਹਾਊਸ ਐਡਜਰਨ ਹੋਵੇ ਅਤੇ ਤੁਸੀਂ ਸੈਸ਼ਨ ਹੋਰ ਅੱਗੇ ਵਧਾ ਲਓ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ ਪਰ ਲੀਡਰ ਆਫ ਦਿ ਹਾਊਸ ਆ ਰਹੇ ਹਨ। ਜਿਸ ਵੇਲੇ ਉਨ੍ਹਾਂ ਨੇ ਰੈਜ਼ੋਲਿਊਸ਼ਨ ਲਿਆਉਣਾ ਹੈ, ਜਿਵੇਂ ਹਾਊਸ ਕਹੇਗਾ we will do that.

ਸਥਾਨਕ ਸਰਕਾਰ ਮੰਤਰੀ : ਸਪੀਕਰ ਸਾਹਿਬ, ਮੈਂ ਵੀ ਮਜੀਠੀਆ ਜੀ ਦੀ ਗੱਲ ਦਾ ਸਮਰਥਨ ਕਰਦਾ ਹਾਂ। ਅੱਜ ਹਾਊਸ ਐਡਜਰਨ ਕਰ ਦਿੱਤਾ ਜਾਵੇ। ਇਸ ਨਾਲ

ਕੋਈ ਫਰਕ ਨਹੀਂ ਪੈਂਦਾ, ਤੁਸੀਂ ਹਾਊਸ ਅੱਗੇ ਐਕਸਟੈਂਡ ਕਰ ਦਿਓ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਰ, ਮੇਰੀ ਇਕ ਹੋਰ ਬੇਨਤੀ ਹੈ, ਇਸ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਜਿੱਥੇ mourning ਵਿੱਚ ਖੜ੍ਹੇ ਹੋਣ ਦੀ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਉਨ੍ਹਾਂ ਨੇ ਸਾਡੇ ਲਈ ਸ਼ਹਾਦਤ ਦਿੱਤੀ ਹੈ, in the strongest possible words, Pakistan, Imran Khan, ISI has to be condemned. ਅੱਜ ਕਾਂਗਰਸ ਪਾਰਟੀ ਦੀ ਲੀਡਰ, across party lines everybody has asked for condemnation of this incident.

Mr. Speaker : Majithia ji, just listen. ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਸਾਰਾ ਦੇਸ਼, ਵਿਧਾਨ ਸਭਾ ਦੇ ਤਮਾਮ ਮੈਂਬਰ, all sections of society, all parties ਇਸ ਗੱਲ ਤੇ ਇਕ-ਮੱਤ ਹਨ। ਲੇਕਿਨ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਗੌਰਮਿੰਟ ਇਸ ਵਾਸਤੇ ਰੈਜ਼ੋਲਿਊਸ਼ਨ ਲਿਆ ਰਹੀ ਹੈ, ਜੇਕਰ ਤੁਸੀਂ ਉਸ ਰੈਜ਼ੋਲਿਊਸ਼ਨ ਤੇ ਗੱਲ ਕਰਨਾ ਚਾਹੁੰਦੇ ਹੋ ਤਾਂ ਗੱਲ ਵੀ ਕਰ ਲੈਣਾ। ਉਸ ਤੋਂ ਬਾਅਦ ਹਾਊਸ ਨੂੰ ਐਡਜਰਨ ਵੀ ਕਰ ਦੇਵਾਂਗੇ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਆਪਾਂ ਇਸ ਮੁੱਦੇ ਦੀ ਗੰਭੀਰਤਾ ਨੂੰ ਸਮਝੀਏ। ਅੱਜ mourning ਦਾ ਸਮਾਂ ਹੈ। ਕੀ ਆਪਾਂ ਚੰਗੇ ਲੱਗਾਂਗੇ, ਕੋਈ ਸ਼ਹਾਦਤ ਦੇ ਗਿਆ ਅਤੇ ਅਸੀਂ ਉਸ ਤੇ ਡਿਬੇਟ ਸ਼ੁਰੂ ਕਰ ਦੇਈਏ। ਡਿਬੇਟ Monday or Tuesday ਦੀ ਰੱਖ ਲਓ। ਤੁਸੀਂ ਜਦੋਂ ਮਰਜ਼ੀ ਰੱਖ ਲਓ।

ਮਾਨਯੋਗ ਸਪੀਕਰ : ਮੈਂ ਡਿਬੇਟ ਨਹੀਂ ਕਹਿ ਰਿਹਾ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਕੀ ਰੈਜ਼ੋਲਿਊਸ਼ਨ ਲਿਆ ਕੇ ਉਸ ਤੇ ਵੀ ਗੱਲ ਕਰਨੀ ਠੀਕ ਹੈ?

ਮਾਨਯੋਗ ਸਪੀਕਰ : ਤੁਸੀਂ ਆਪਣੀ ਸ਼ਰਧਾਂਜਲੀ ਤਾਂ ਦੇ ਸਕਦੇ ਹੋ? ਮੈਂ ਸ਼ਰਧਾਂਜਲੀ ਦੀ ਗੱਲ ਕਰ ਰਿਹਾ ਹਾਂ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਮੈਂ ਤਾਂ ਗੁਜ਼ਾਰਿਸ਼ ਰੱਖੀ ਹੈ।

ਮਾਨਯੋਗ ਸਪੀਕਰ : ਮੈਂ ਆਪਣੀ ਗੱਲ ਕਹਿ ਦਿੱਤੀ। Thank you.

ਸਰਦਾਰ ਹਰਪਾਲ ਸਿੰਘ ਚੀਮਾ : ਸਪੀਕਰ ਸਾਹਿਬ, ਜਦੋਂ ਤੱਕ ਸੀ.ਐਮ. ਸਾਹਿਬ ਆਉਂਦੇ ਹਨ, ਉਦੋਂ ਤੱਕ ਹਾਊਸ ਐਡਜਰਨ ਕਰ ਲਿਆ ਜਾਵੇ। ਸੀ.ਐਮ. ਸਾਹਿਬ ਆ ਕੇ ਅਨਾਊਂਸ ਕਰ ਦੇਣਗੇ।

SHORT ADJOURNMENT OF THE HOUSE

ਮਾਨਯੋਗ ਸਪੀਕਰ : ਬਿਹਤਰ ਜੀ। ਅੱਧੇ ਘੰਟੇ ਵਾਸਤੇ ਹਾਊਸ ਐਡਜਰਨ ਕੀਤਾ ਜਾਂਦਾ ਹੈ।

*10.03 ਵਜੇ ਸਵੇਰ (ਇਸ *ਉਪਰੰਤ ਸਦਨ ਸ਼ੁੱਕਰਵਾਰ, ਮਿਤੀ 15 ਫਰਵਰੀ, 2019 ਦੇ 10.33 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

*10.33 ਵਜੇ ਪੂਰਵ ਦੁਪਹਿਰ (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

OFFICIAL RESOLUTION REG. CONDEMNING THE BARBARIC ATTACK BY JAISH TERRORISTS ON THE CONVOY OF THE CRPF IN PULWAMA

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ): ਸਪੀਕਰ ਸਾਹਿਬ, ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਇੱਕ ਰੈਜ਼ੋਲਿਊਸ਼ਨ ਮੂਵ ਕਰਨਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ: ਹਾਂ ਜੀ, ਕਰੋ ਜੀ।

Chief Minister (Captian Amarinder Singh) : Sir, I beg to move-

"That this House strongly condemns the barbaric attack by Jaish terrorists on the convoy of the CRPF in Pulwama that left 41 brave personnel dead and many others injured. Most of these personnel were on their way back to join their duties to defend the borders of India after their holidays.The sacrifice of these martyrs should not go waste and I urge the Centre to ensure a befitting response to this attack on our country. The attack exposes the double standards of the Pakistan Government, who on one hand is talking of peace and on the other actively supporting these terror outfits in J&K and Punjab.

We are all with the families of these martyred soldiers in their hour of grief and extend our heartfelt condolences to them."

Mr. Speaker : Motion moved -

[Mr. Speaker]

"That this House strongly condemns the barbaric attack by Jaish terrorists on the convoy of the CRPF in Pulwama that left 41 brave personnel dead and many others injured. Most of these personnel were on their way back to join their duties to defend the borders of India after their holidays.The sacrifice of these martyrs should not go waste and I urge the Centre to ensure a befitting response to this attack on our country. The attack exposes the double standards of the Pakistan Government, who on one hand is talking of peace and on the other actively supporting these terror outfits in J&K and Punjab.

We are all with the families of these martyred soldiers in their hour of grief and extend our heartfelt condolences to them."

ਹਾਂ ਜੀ, ਸੀ.ਐਮ.ਸਾਹਿਬ ਜੀ।

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ): ਸਪੀਕਰ ਸਾਹਿਬ, ਜੋ ਖ਼ਬਰ ਅੱਜ ਅਖ਼ਬਾਰਾਂ ਵਿੱਚ ਆਈ ਹੈ, ਜੋ ਵਾਕਿਆ ਕੱਲ੍ਹ ਕਸ਼ਮੀਰ ਵਾਦੀ ਦੇ ਵਿੱਚ ਆਵੰਤੀਪੋਰਾ ਦੇ ਕੋਲ ਵਾਪਰਿਆ ਹੈ, ਉਹ ਬਹੁਤ ਹੀ ਦੁੱਖ ਭਰੀ ਗੱਲ ਹੈ। ਇਹ ਇੱਕ ਅਜਿਹੀ ਗੱਲ ਹੈ ਜਿਸ ਨੂੰ ਸਾਰੇ ਮੁਲਕ ਨੂੰ ਸਖਤ ਤੋਂ ਸਖਤ ਲਫਜ਼ਾਂ ਵਿੱਚ ਕੰਡੈਮ ਕਰਨਾ ਚਾਹੀਦਾ ਹੈ। This is getting beyond control now. ਸਪੀਕਰ ਸਾਹਿਬ, ਇਸ ਕਿਸਮ ਦਾ ਕੰਮ ਇੱਥੇ ਵੀ ਸ਼ੁਰੂ ਹੋਇਆ ਸੀ, ਸਾਲ 1970, 1980 ਅਤੇ 1990 ਦੇ ਸਮੇਂ ਦੌਰਾਨ ਅਸੀਂ ਵੀ ਇਸ ਨੂੰ ਦੇਖਿਆ ਸੀ ਲੇਕਿਨ ਇੱਥੇ ਬੜੀ ਸਖਤੀ ਨਾਲ ਨਿਪਟਾਇਆ ਗਿਆ । ਇਹ ਠੀਕ ਹੈ ਕਿ ਉਦੋਂ ਸਾਡੀ ਇੱਕ fledgling ਪੁਲਿਸ ਫੋਰਸ ਸੀ, ਛੋਟੀ ਪੁਲਿਸ ਫੋਰਸ ਸੀ। ਲੋਕ ਕਹਿੰਦੇ ਸੀ ਕਿ ਉਦੋਂ ਥਾਣੇ ਸ਼ਾਮ 6.00 ਵਜੇ ਬੰਦ ਹੋ ਜਾਂਦੇ ਸੀ ਪਰ ਇਸ ਸਮੇਂ ਜਿਹੜੀ ਫੋਰਸ ਹੈ, ਅਸਲ ਵਿੱਚ ਜਿਹੜੀ ਫੋਰਸ baptism of fire ਦੇ ਵਿਚੋਂ ਨਿਕਲਦੀ ਹੈ ਤਾਂ ਉਹ ਅਸਲੀ ਫੋਰਸ ਬਣ ਜਾਂਦੀ ਹੈ। Now we are a strength of 81000 highly committed force. ਸਪੀਕਰ ਸਾਹਿਬ, ਇਹ ਜਿਹੜੀ ਪਾਕਿਸਤਾਨ ਦੀ ਪਾਲਿਸੀ ਹੈ, starting from Kashmir, ਕਸ਼ਮੀਰੀ extremism ਨੂੰ ਸਾਡੇ ਇੱਥੇ ਲਿਆਉਣਾ ਚਾਹੁੰਦੇ ਹਨ, ਸਾਡੇ ਨਾਲ ਜੋੜਨਾ ਚਾਹੁੰਦੇ ਹਨ, ਜਿਹੜੀ ਥੋੜ੍ਹੀ ਬਹੁਤੀ Punjabi extremism ਹੈ, ਉਸ ਨਾਲ ਜੋੜਨਾ ਚਾਹੁੰਦੇ ਹਨ, I warn General Bajwa and the Prime Minister of Pakistan and ਜਿਹੜੇ ਆਈ.ਐਸ.ਆਈ. ਵਾਲਿਆਂ ਦੇ ਚਮਚੇ ਹਨ ਕਿ ਤੁਸੀਂ ਇੱਥੇ ਵੜ੍ਹ ਕੇ ਦੇਖੋ, ਉਨ੍ਹਾਂ ਨੂੰ

ਅਸੀਂ ਇੱਥੇ ਮੁੱਧਾ ਮਾਰ ਕੇ ਛੱਡਾਂਗੇ। Enough is Enough (Thumping) 41 young lives of India have been destroyed in this one attack, for what, to please somebody, to please the bosses in Pakistan ? ਇਨ੍ਹਾਂ ਨੇ ਮਖੌਲ ਬਣਾ ਰੱਖਿਆ ਹੈ ਕਿ ਜਦੋਂ ਜੀਅ ਕੀਤਾ ਹਿੰਦੁਸਤਾਨੀ ਫੌਜ ਨੂੰ ਗੋਲੀ ਮਾਰ ਦਿਓ। ਸਾਡੇ 41 ਜਵਾਨ ਮਾਰ ਦਿੱਤੇ, ਕਿਸ ਵਾਸਤੇ ਮਾਰ ਦਿੱਤੇ, to please the bosses. ਉਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ? ਸਪੀਕਰ ਸਾਹਿਬ, ਮੈਂ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ ਕਿ ਅਸਾਮ ਤੋਂ 1 ਜਵਾਨ, ਬਿਹਾਰ ਤੋਂ 2 ਜਵਾਨ, ਹਿਮਾਚਲ ਪ੍ਰਦੇਸ਼ ਤੋਂ 1, ਜੰਮੂ ਕਸ਼ਮੀਰ ਤੋਂ 1, ਝਾਰਖੰਡ ਤੋਂ 1, ਕਰਨਾਟਕ ਤੋਂ 1, ਕੇਰਲ ਤੋਂ 1, ਮੱਧ ਪ੍ਰਦੇਸ਼ ਤੋਂ 1, ਮਹਾਰਾਸ਼ਟਰਾ ਤੋਂ 2, ਉੜੀਸਾ ਤੋਂ 2, ਪੰਜਾਬ ਤੋਂ 4, ਰਾਜਸਥਾਨ ਤੋਂ 5, ਤਾਮਿਲਨਾਡੂ ਤੋਂ 2, ਉੱਤਰ ਪ੍ਰਦੇਸ਼ ਤੋਂ 12, ਉੱਤਰਾਖੰਡ ਤੋਂ 3 ਅਤੇ ਵੈਸਟ ਬੰਗਾਲ ਤੋਂ 2 ਜਵਾਨ ਸ਼ਹੀਦ ਹੋਏ ਹਨ। ਇਨ੍ਹਾਂ ਵਿਚੋਂ 4 ਸਾਡੇ ਪੰਜਾਬ ਦੇ ਮੁੰਡੇ ਹਨ। ਉਨ੍ਹਾਂ ਨੂੰ ਇਸ ਤੋਂ ਕੀ ਲਾਭ ਹੋਇਆ? ਉਨ੍ਹਾਂ ਦਾ ਇਥੇ ਕੌਣ ਰਹਿ ਗਿਆ? ਉਨ੍ਹਾਂ ਦੇ ਬੱਚੇ, ਉਨ੍ਹਾਂ ਦੀਆਂ ਘਰ ਵਾਲੀਆਂ, ਉਨ੍ਹਾਂ ਦੇ ਮਾਤਾ ਪਿਤਾ ਰਹਿ ਗਏ। What pleasure does it give ? ਮੈਨੂੰ ਤਾਂ ਇਹ ਨਹੀਂ ਸਮਝ ਆਉਂਦੀ। ਮੈਂ ਸੁਣਦਾ ਹਾਂ ਕਿ ਉਥੋਂ ਦਾ ਪ੍ਰਾਈਮ ਮਨਿਸਟਰ ਕਹਿੰਦਾ ਹੁੰਦਾ ਹੈ ਕਿ ਅਸੀਂ ਗੁਰੂ ਨਾਨਕ ਯੂਨੀਵਰਸਿਟੀ ਬਣਾਉਣੀ ਹੈ, ਮੈਂ ਗੁਰਦੁਆਰਾ ਸਾਹਿਬ ਦੀ ਸੇਵਾ ਕਰਾਂਗਾ ਪਰ ਉਸਦੀ ਜਿਹੜੀ protege ਹੈ, ਉਹ ਜਿਹੜੇ ਆਈ.ਐਸ.ਆਈ. ਵਾਲੇ ਹਨ, ਉਹ ਇਥੇ ਗੜਬੜ ਕਰਦੇ ਹਨ, ਕਦੇ ਕਸ਼ਮੀਰ ਵਿਚ ਕਰ ਦਿੱਤੀ, ਇੱਥੇ ਕਰ ਦਿੱਤੀ, ਕਦੇ ਕਿਤੇ ਹੋਰ ਕਰ ਦਿੱਤੀ। ਬਾਜਵਾ ਕਮਾਂਡਰ ਇੰਨ ਚੀਫ ਹੈ, ਉਸ ਦੀ ਆਰਮੀ ਨੇ ਪ੍ਰਾਈਮ ਮਨਿਸਟਰ ਨੂੰ ਲਗਾਇਆ ਹੈ ਅਤੇ ਬਾਜਵਾ ਦੇ ਅੰਡਰ ਹੀ ਉਨ੍ਹਾਂ ਦੀ ਆਈ.ਐਸ.ਆਈ. ਹੈ। What is this double game being played by Pakistan at the national level? ਸਿੱਖਾਂ ਦੀ sympathy ਖਿੱਚੋ by saying these things ਅਤੇ ਦੂਜੇ ਪਾਸੇ ਬੰਦਿਆਂ ਨੂੰ ਮਾਰੀ ਚੱਲੋ। ਜਿਹੜੀ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣਾ ਚਾਹੁੰਦੇ ਹਨ, ਇਨ੍ਹਾਂ ਸ਼ਹੀਦਾਂ ਵਿਚੋਂ ਚਾਰ ਗੁਰੂ ਨਾਨਕ ਦੇਵ ਜੀ ਦੇ ਸੇਵਕ ਹਨ। ਤੁਸੀਂ ਸੁਣਨਾ ਚਾਹੁੰਦੇ ਹੋ ਕਿ ਉਹ ਕਿਹੜੇ ਪਿੰਡਾਂ ਵਿਚੋਂ ਸਨ। ਸਰਦਾਰ ਕੁਲਵਿੰਦਰ ਸਿੰਘ ਸ੍ਰੀ ਅਨੰਦਪੁਰ ਸਾਹਿਬ ਤੋਂ, ਸਰਦਾਰ ਜੈਮਲ ਸਿੰਘ ਧਰਮਕੋਟ ਤੋਂ, ਸਰਦਾਰ ਸੁਖਜਿੰਦਰ ਸਿੰਘ ਗੰਡੀਵਿੰਡ ਤੋਂ ਅਤੇ ਸਰਦਾਰ ਮਨਿੰਦਰ ਸਿੰਘ ਦੀਨਾਨਗਰ ਤੋਂ ਹਨ। What for ? ਹੁਣ ਦੀਨਾਨਗਰ ਨੇ ਇਨ੍ਹਾਂ ਦਾ ਕੀ ਵਿਗਾੜਿਆ ਹੈ? Why are you doing this? ਮੈਂ ਕਈ ਵਾਰ ਕਿਹਾ ਹੈ ਕਿ ਅਗਰ ਤੁਸੀਂ ਹਿੰਦੁਸਤਾਨ ਨਾਲ ਹੱਥ ਮਿਲਾਉਣਾ ਚਾਹੁੰਦੇ ਹੋ, ਜਿਵੇਂ ਇਨ੍ਹਾਂ ਦਾ ਪ੍ਰਧਾਨ ਮੰਤਰੀ ਬੋਲੀ ਜਾਂਦਾ ਹੈ। ਉਹ ਕਿਸ ਵਾਸਤੇ ਬੋਲੀ ਜਾਂਦਾ ਹੈ? ਪਹਿਲਾਂ ਤੁਸੀਂ ਇਹ ਕੰਮ ਕਿਉਂ

[ਮੁੱਖ ਮੰਤਰੀ]

ਨਹੀਂ ਬੰਦ ਕਰਦੇ? Man to man ਪਾਕਿਸਤਾਨ ਔਰ ਪੰਜਾਬ ਅਤੇ ਇੰਡੀਆ ਆਪਸ ਵਿਚ ਰਲਣਾ ਚਾਹੁੰਦੇ ਹਨ ਪਰ ਇਹ ਜਿਹੜੇ ਉਥੇ ਸਿਆਸਤਦਾਨ ਅਤੇ ਜਨਰਲਜ਼ ਬੈਠੇ ਹਨ, ਇਹ ਅਜਿਹੀਆਂ ਗੱਲਾਂ ਕਰਦੇ ਹਨ। ਸਿਆਸਤਦਾਨ ਕੀ ਕਰਨ, ਉਹ ਤਾਂ ਜਨਰਲਾਂ ਵਲੋਂ ਹੀ ਬਣਾਏ ਗਏ ਹਨ। Let this Bajwa know, I want to say it openly and I hope the Press is noting down what I am saying, Let this Bajwa know, ਤੂੰ ਵੀ ਪੰਜਾਬੀ ਹੈ, ਅਸੀਂ ਵੀ ਪੰਜਾਬੀ ਹਾਂ, ਤੂੰ ਇੱਥੇ ਵੜ ਕੇ ਦੇਖ। ਅਸੀਂ ਤੈਨੂੰ ਸਿੱਧਾ ਕਰਾਂਗੇ। (ਥੰਪਿੰਗ)। Now this is not that police force which was there in 1970s ਜਦੋਂ 13000 ਦੀ ਪੁਲਿਸ ਫੋਰਸ ਹੁੰਦੀ ਸੀ, ਹੁਣ 81000 ਦੀ ਫੋਰਸ ਹੈ and this force has been through the baptism of fire and a person who is in uniform, he knows that a man is made when you go through baptism of fire, ਵਰਦੀ ਤੁਸੀਂ ਜੋ ਮਰਜ਼ੀ ਪਾ ਲਓ, But these 81000 are highly motivated, fine police force, no issue is left which is not resolved within a few days. Look at this Ludhiana incident, in two days we have wrapped it all up. I have not done it. The police force has done it. They are motivated and this is not 1970s now ਕਿ ਤੁਸੀਂ ਇੱਥੇ ਆ ਕੇ ਜੋ ਮਰਜ਼ੀ ਕਰ ਸਕਦੇ ਹੋ, ਇਸ ਤਰ੍ਹਾਂ ਕੁਝ ਹੋ ਸਕਦਾ ਹੈ We have got a motivated force which will deal with them and then we also have our security services of BSF, CRPF and all, and of course, behind them we have our Indian Army. So, let these people understand that this is not a game that can be played in 2019 and 2020 for which you want your 2020 referendum to come up. This is all that for which I warned the country to be careful and I warned my State that be careful, we have to be on our toes, we have to watch their nefarious activities and it is a strange thing the way this Pakistan Government is working, the Prime Minister talking peace and the General talking war. This is a sad day. The House wants a resolution passed, ਇਹ ਰੈਜ਼ੋਲਿਊਸ਼ਨ ਚਾਹੁੰਦੇ ਹਨ ਕਿ ਇਸ ਦੇ ਵਿੱਚ adjournment ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਹ ਪੂਰੇ ਸਾਡੇ ਹਿੰਦੁਸਤਾਨ ਦੇ ਬੱਚੇ ਹਨ। They are not all from Punjab. ਕੋਈ ਮਾਰ ਬਿਹਾਰ ਦੇ ਵਿੱਚ ਹੋ ਰਹੀ ਹੈ, ਕੋਈ ਮਾਰ ਕੇਰਲਾ ਵਿੱਚ ਹੋ ਰਹੀ ਹੈ, ਕੋਈ ਮਾਰ ਉੱਤਰਾਖੰਡ ਵਿੱਚ ਹੋ ਰਹੀ ਹੈ, ਕੋਈ ਮਾਰ ਰਾਜਸਥਾਨ ਵਿੱਚ ਹੋ ਰਹੀ ਹੈ, ਇਹ ਇਨ੍ਹਾਂ

ਨੇ ਕੀ ਮਖੌਲ ਬਣਾਇਆ ਹੋਇਆ ਹੈ? ਮੈਂ ਇੱਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ that is another thing, Mr. Speaker, today we have counted the bodies, what about those in the hospital who will die. We don't know how many those are. This time for talking peace is over. I think the time now is to teach them a lesson and I hope that the Government of India will understand this point and will take it up. I have been saying this for so long.

I know because I have got about ten of my battalion from my regiment there. Every few days ਉਥੇ ਕੋਈ ਨਾ ਕੋਈ ਮੁੰਡੇ ਦੀ ਲਾਸ਼ ਆਉਂਦੀ ਹੈ। ਮੇਰੀ ਪਲਟਨ ਜਿਸ ਦੇ ਵਿੱਚ ਮੈਂ ਸਰਵਿਸ ਕੀਤੀ ਹੈ, ਉਹ ਹੁਣ ਚੰਡੀ ਮੰਦਿਰ ਆ ਗਈ ਹੈ। ਥੋੜ੍ਹੇ ਦਿਨ ਪਹਿਲਾਂ ਉਸ ਦੇ ਵੀ ਇੱਕ ਮੇਜਰ ਅਤੇ 2 ਜਵਾਨ ਸ਼ਹੀਦ ਹੋਏ ਸਨ। This is becoming too much and if we do not act ਉਹ ਇਸ ਗੱਲ ਤੋਂ ਹੋਰ ਤਾਕਤ ਪਕੜਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਸੈਂਟਰ ਦੀ ਸਰਕਾਰ ਸਮਝੇ ਕਿ ਕੀ ਇਨ੍ਹਾਂ ਦੇ designs ਹਨ ਅਤੇ ਉਹ appropriately ਇਸ ਦਾ befitting response ਦੇਵੇ।

Sir, before you adjourn the House, I would like to say that our hearts of course go out to the families. They are poor people. God knows which villages they come from, Orissa, Bihar, Uttarakhand wherever but we are there for them. We, Punjab, we are far away but our sympathies and our heartfelt condolences to that family. ਅਸੀਂ ਉਨ੍ਹਾਂ ਲਈ ਆਪਣੇ ਵੱਲੋਂ ਵਾਹਿਗੁਰੂ ਅੱਗੇ ਇੰਨੀ ਹੀ ਅਰਦਾਸ ਕਰ ਸਕਦੇ ਹਾਂ ਕਿ ਉਨ੍ਹਾਂ ਦੀ ਪਵਿੱਤਰ ਆਤਮਾਵਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਜਣ ਅਤੇ ਅਸੀਂ ਸਾਰੇ ਪਰਿਵਾਰਾਂ ਲਈ ਜੋ ਵੀ ਕਰ ਸਕਦੇ ਹਾਂ, ਉਹ ਚਾਹੇ ਸਾਡੇ ਸੂਬੇ ਦੇ ਹੋਣ ਜਾਂ ਨਾ ਹੋਣ, ਪੰਜਾਬ ਹਰ ਵੇਲੇ ਉਨ੍ਹਾਂ ਵਾਸਤੇ ਤਿਆਰ ਹੈ। So, I urge the Hon'ble Speaker to adjourn the House.

ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ) : ਸਪੀਕਰ ਸਾਹਿਬ, ਅਸੀਂ ਤੁਹਾਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ ਵੱਲੋਂ ਇਹ ਚਿੱਠੀ ਵੀ ਦੇ ਕੇ ਗਏ ਹਾਂ if you can put that on record and I think Chief Minister Sahib has spoken as a Solider, has spoken as a true Indian. ਮੈਂ ਤੁਹਾਡਾ ਵੀ ਇਸ ਗੱਲ ਦਾ ਬੜਾ

[ਸਰਦਾਰ ਬਿਕਰਮ ਸਿੰਘ ਮਜੀਠੀਆ]

ਮਸ਼ਕੂਰ ਹਾਂ ਕਿ ਤੁਸੀਂ ਅੱਜ ਦੀ ਗੰਭੀਰਤਾ ਨੂੰ ਸਮਝਦੇ ਹੋਏ ਜਿਹੜੀ ਅਸੀਂ ਤੁਹਾਡੇ ਕੋਲ ਬੇਨਤੀ ਰੱਖੀ ਸੀ ਕਿ strongest possible words ਵਿੱਚ ਜਿੱਥੇ condemnation of Pakistan, condemnation of its Prime Minister, ਮੈਂ ਆਨ ਰਿਕਾਰਡ ਕਹਿੰਦਾ ਹਾਂ, Prime Minister, Sh. Imran Khan, ਕਿਉਂਕਿ ਬਾਰ ਬਾਰ ਇਹ ਗੱਲ ਆਉਂਦੀ ਹੈ ਕਿ he is Army's puppet Prime Minister ਇਸ ਗੱਲ ਨੂੰ ਭੁੱਲਿਆ ਨਹੀਂ ਜਾਣਾ ਚਾਹੀਦਾ ਕਿ ਇਹ ਜਨਰਲ ਬਾਜਵਾ ਦੇ ਇਸ਼ਾਰੇ ਤੇ ਚੱਲਣ ਵਾਲਾ ਪ੍ਰਾਈਮ ਮਨਿਸਟਰ ਹੈ। ਇਹ ਸਾਰੀ International media ਇਸ ਗੱਲ ਨੂੰ ਤਸਦੀਕ ਕਰਦੀ ਹੈ। ਇਹ ਬਿਲਕੁਲ ਸਹੀ ਗੱਲ ਬੋਲੀ ਗਈ ਹੈ ਕਿ ਇੱਕ ਪਾਸੇ peace ਦੇ ਲਾਰੇ ਲਾਉਣੇ ਅਤੇ ਦੂਜੇ ਪਾਸੇ ਸਾਡੇ ਬਹਾਦਰ ਜਵਾਨਾਂ ਨੂੰ ਏਨੀ ਵੱਡੀ ਗਿਣਤੀ ਵਿੱਚ ਸ਼ਹੀਦ ਕਰ ਦੇਣਾ। ਸਪੀਕਰ ਸਾਹਿਬ, ਮੈਂ ਰਿਕਾਰਡ ਕੱਢਣ ਦੀ ਕੋਸ਼ਿਸ਼ ਕੀਤੀ, ਪਿਛਲੇ 50 ਸਾਲਾਂ ਵਿੱਚ ਏਨੀ ਵੱਡੀ ਗਿਣਤੀ ਵਿੱਚ ਸਾਡੇ ਭਰਾਵਾਂ ਦੀ ਸ਼ਹਾਦਤ ਨਹੀਂ ਹੋਈ ਹੈ । ਜੋ ਸੀ.ਐਮ. ਸਾਹਿਬ ਬੋਲੇ ਹਨ we are still counting as we sit in this House ਗਿਣਤੀ ਹਾਲੇ ਮੁਕੰਮਲ ਨਹੀਂ ਹੋਈ ਹੈ। ਇਨ੍ਹਾਂ ਨੇ 41 ਦਾ ਫਿੱਗਰ ਦਿੱਤਾ ਹੈ, ਅਖਬਾਰਾਂ ਵਿੱਚ 44 ਆਏ ਹਨ, 40 ਏਨੇ ਗੰਭੀਰ ਰੂਪ ਵਿੱਚ ਜ਼ਖਮੀ ਹਨ ਕਿ ਉਹ seriously injured ਹਨ, ਇਸ ਲਈ ਇਹ ਮੌਕਾ ਉਨ੍ਹਾਂ ਪਰਿਵਾਰਾਂ ਨਾਲ ਦੁੱਖ ਦੀ ਘੜੀ ਸਾਂਝੀ ਕਰਨ ਦਾ ਹੈ, ਉਨ੍ਹਾਂ ਪਰਿਵਾਰਾਂ ਨਾਲ ਖਲੋਣ ਦਾ ਹੈ। ਪੰਜਾਬੀਆਂ ਨੇ ਹਮੇਸ਼ਾ ਹੀ ਇਸ ਲੜਾਈ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਮੈਂ ਤੁਹਾਡਾ ਇਸ ਗੱਲ ਲਈ ਬੜਾ ਮਸ਼ਕੂਰ ਹਾਂ ਕਿ ਤੁਸੀਂ ਇਸ ਗੱਲ ਦੀ ਗੰਭੀਰਤਾ ਸਮਝੀ ਹੈ। ਸਾਨੂੰ ਸਾਈਲੈਂਸ ਵੀ ਆਬਜ਼ਰਵ ਕਰਨਾ ਚਾਹੀਦਾ ਹੈ, ਦੁੱਖ ਵੀ ਸਾਂਝਾ ਕਰਨਾ ਚਾਹੀਦਾ ਹੈ ਅਤੇ ਹਾਊਸ ਵੀ ਐਡਜਰਨ ਕਰਨਾ ਚਾਹੀਦਾ ਹੈ ਕਿਉਂਕਿ ਅੱਜ ਇੱਥੇ ਬੈਠ ਕੇ ਸਿਵਾਏ to be in mourning and in grief ਕੋਈ ਹੋਰ ਵਿਚਾਰ ਨਹੀਂ ਹੋ ਸਕਦੀ। Thank you, Speaker Sahib.

ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) : ਸਪੀਕਰ ਸਾਹਿਬ, ਜਿੱਥੇ ਅਸੀਂ ਅੱਜ ਆਪਣੇ ਜਵਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੇ ਹਾਂ, ਉੱਥੇ ਮੇਰੀ ਇੱਕ ਹੋਰ ਮੰਗ ਹੈ ਕਿ ਸਾਨੂੰ ਅੱਜ ਇੱਥੇ ਅਨਾਊਂਸ ਕਰਨਾ ਚਾਹੀਦਾ ਹੈ ਕਿ ਜਿਹੜੇ ਪਰਿਵਾਰਾਂ ਦੇ ਬੱਚੇ ਸ਼ਹੀਦ ਹੋ ਗਏ ਹਨ, ਉਨ੍ਹਾਂ ਪਰਿਵਾਰਾਂ ਲਈ ਆਰਥਿਕ ਰਾਸ਼ੀ ਘੱਟੋ ਘੱਟ ਇੱਕ ਕਰੋੜ ਰੁਪਏ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਇੱਕ ਜੀਅ ਨੂੰ ਨੌਕਰੀ ਜ਼ਰੂਰ ਮਿਲਣੀ ਚਾਹੀਦੀ ਹੈ।

Mr. Speaker : Question is -

> "That this House strongly condemns the barbaric attack by Jaish terrorists on the convoy of the CRPF in Pulwama that left 41 brave personnel dead and many others injured. Most of these

personnel were on their way back to join their duties to defend the borders of India after their holidays.The sacrifice of these martyrs should not go waste and I urge the Centre to ensure a befitting response to this attack on our country. The attack exposes the double standards of the Pakistan Government, who on one hand is talking of peace and on the other actively supporting these terror outfits in J&K and Punjab.

We are all with the families of these martyred soldiers in their hour of grief and extend our heartfelt condolences to them."

The motion was carried unanimously

OBITUARY REFERENCES

ਮਾਨਯੋਗ ਸਪੀਕਰ : ਸਾਡੇ ਬਹਾਦਰ ਸੁਰੱਖਿਆ ਮੁਲਾਜ਼ਮਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ। ਸਾਨੂੰ ਪੂਰਨ ਵਿਸ਼ਵਾਸ ਹੈ ਕਿ ਅੱਜ ਪੂਰਾ ਦੇਸ਼ ਬਹਾਦਰ ਸ਼ਹੀਦਾਂ ਦੇ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੋਵੇਗਾ। ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਇਨ੍ਹਾਂ ਵਿਛੜੀਆਂ ਰੂਹਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਹੁਣ, ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।)

ਮਾਨਯੋਗ ਸਪੀਕਰ : ਧੰਨਵਾਦ ਜੀ। ਸਦਨ ਸੋਮਵਾਰ, ਮਿਤੀ 18 ਫਰਵਰੀ, 2019 ਸਵੇਰੇ 11.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*10.49 ਵਜੇ ਸਵੇਰੇ (ਇਸ *ਸਮੇਂ ਸਦਨ ਸੋਮਵਾਰ, ਮਿਤੀ 18 ਫਰਵਰੀ, 2019 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕ੍ਰਮ ਨੰ.	ਨਾਮ	ਮਹਿਕਮਾ/ਮਹਿਕਮੇ
1.	ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ	ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ ਤੇ ਲੋਕ ਸੰਪਰਕ, ਕਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ, ਫੂਡ ਪ੍ਰੋਸੈਸਿੰਗ
	Captain Amarinder Singh Chief Minister	Administrative Reforms, Agriculture and Famers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs, Food Processing
2.	ਸ਼੍ਰੀ ਬ੍ਰਹਮ ਮਹਿੰਦਰਾ	ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ
	Shri Brahm Mohindra	Health & Family Welfare, Medical Education & Research , Parliamentary Affairs, Elections, Removal of Grievances Minister

3.	ਸਰਦਾਰ ਨਵਜੋਤ ਸਿੰਘ ਸਿੱਧੂ Sardar Navjot Singh Sidhu	ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ Local Government, Tourism and Cultural Affairs Minister
4.	ਸਰਦਾਰ ਮਨਪ੍ਰੀਤ ਸਿੰਘ ਬਾਦਲ Sardar Manpreet Singh Badal	ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ Finance, Planning, Programme Implementation, Governance Reforms Minister
5.	ਸਰਦਾਰ ਸਾਧੂ ਸਿੰਘ Sardar Sadhu Singh	ਜੰਗਲਾਤ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ, ਛਪਾਈ ਤੇ ਲਿਖਣ ਸਮੱਗਰੀ ਮੰਤਰੀ Welfare of SCs & BCs, Printing & Stationery Minister
6.	ਸ਼੍ਰੀ ਓਮ ਪ੍ਰਕਾਸ਼ ਸੋਨੀ Shri Om Parkash Soni	ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਮੰਤਰੀ School Education , Freedom Fighters Minister
7.	ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ Sardar Tript Rajinder Singh Bajwa	ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ Rural Development & Panchayats, Housing & Urban Development Minister
8.	ਰਾਣਾ ਗੁਰਮੀਤ ਸਿੰਘ ਸੋਢੀ Rana Gurmeet Singh Sodhi	ਖੇਡਾਂ ਅਤੇ ਯੁਵਕ ਮਾਮਲੇ ਮੰਤਰੀ Sports and Youth Affairs Minister

9.	ਸਰਦਾਰ ਚਰਨਜੀਤ ਸਿੰਘ ਚੰਨੀ Sardar Charanjit Singh Channi	ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ Technical Education and Industrial Training, Employment Generation, Science & Technology Minister
10.	ਸ਼੍ਰੀਮਤੀ ਅਰੁਨਾ ਚੌਧਰੀ Smt. Aruna Chaudhary,	ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ Social Security, Women & Child Development, Transport Minister
11.	ਸ਼੍ਰੀਮਤੀ ਰਜ਼ੀਆ ਸੁਲਤਾਨਾ Smt. Razia Sultana	ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ Higher Education, Water Supply & Sanitation Minister
12.	ਸਰਦਾਰ ਸੁਖਜਿੰਦਰ ਸਿੰਘ ਰੰਧਾਵਾ Sardar Sukhjinder Singh Randhawa	ਸਹਿਕਾਰਤਾ, ਜੇਲ੍ਹਾਂ ਮੰਤਰੀ Cooperation, Jails Minister
13.	ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ Sardar Sukhbinder Singh Sarkaria	ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ Revenue, Rehabilitation and Disaster Management, Water Resources, Mines & Geology Minister
14.	ਸਰਦਾਰ ਗੁਰਪ੍ਰੀਤ ਸਿੰਘ ਕਾਂਗੜ Sardar Gurpreet Singh Kangar	ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ Power, New and Renewable Energy Sources Minister

15.	ਸਰਦਾਰ ਬਲਬੀਰ ਸਿੰਘ ਸਿੱਧੂ Sardar Balbir Singh Sidhu	ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ Animal Husbandry, Dairy Development, Labour Minister
16.	ਸ਼੍ਰੀ ਵਿਜੇ ਇੰਦਰ ਸਿੰਗਲਾ Shri Vijay Inder Singla	ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ Public Works, Information Technology Minister
17.	ਸ਼੍ਰੀ ਸੁੰਦਰ ਸ਼ਾਮ ਅਰੋੜਾ Shri Sunder Sham Arora	ਉਦਯੋਗ ਤੇ ਕਮਰਸ ਮੰਤਰੀ Industries & Commerce Minister
18.	ਸ਼੍ਰੀ ਭਾਰਤ ਭੂਸ਼ਣ ਆਸ਼ੂ Shri Bharat Bhushan Ashu	ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ Food & Civil Supplies and Consumer Affairs Minister

PUNJAB VIDHAN SABHA

DEBATES

Friday, the 15th February, 2019

Vol. VII - No. 4

OFFICIAL REPORT

CONTENTS

Punjab Vidhan Sabha Secretariat, Chandigarh

Price : Rs._________.

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9973/05-2019/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ